# ਦਫਤਰ ਨਗਰ ਸੁਧਾਰ ਟਰੱਸਟ ਬਠਿੰਡਾ

## ਪੋਰਟਲ: www.tenderwizard.com/DLGP

ਨਗਰ ਸੁਧਾਰ ਟਰੱਸਟ ਬਠਿੰਡਾ ਦੀਆਂ ਵੱਖ-ਵੱਖ ਵਿਕਾਸ ਸਕੀਮਾਂ ਵਿੱਚ ਰਿਹਾਇਸ਼ੀ /ਵਪਾਰਕ ਜਾਇਦਾਦਾਂ ਦੀ ਈ-ਆਕਸ਼ਨ ਪ੍ਰਣਾਲੀ ਰਾਹੀਂ ਨਿਲਾਮੀ ਮਿਤੀ 09-12-2026 ਤੋਂ ਮਿਤੀ 11-12-2026 ਤੱਕ ਕੀਤੀ ਜਾਣੀ ਸੀ। ਜਿਸ ਦੀ ਰਜਿਸਟਰੇਸ਼ਨ ਦੀ ਮਿਤੀ 12-11-2026 ਤੋਂ ਮਿਤੀ 07-12-2026 ਤੱਕ ਨਿਰਧਾਰਿਤ ਕੀਤੀ ਗਈ ਸੀ। ਜਿਸ ਵਿੱਚ ਪ੍ਰਬੰਧਕੀ ਕਾਰਨਾਂ ਕਰਕੇ ਵਾਧਾ ਕੀਤਾ ਗਿਆ ਹੈ। ਜਿਸ ਦੇ ਮੱਦੇ ਨਜ਼ਰ ਹੁਣ ਇਹ ਨਿਲਾਮੀ ਮਿਤੀ 21-12-2026 ਤੋਂ 23-12-2026 ਸ਼ਾਮ 5:00 ਵਜੇ ਤੱਕ ਹੋਵੇਗੀ। ਬਿੱਡਰ ਲਈ ਰਜਿਟਰੇਸ਼ਨ ਸ਼ੁਰੂ ਹੋਣ/ਬੰਦ ਹੋਣ ਦੀ ਮਿਤੀ ਅਤੇ ਈ-ਆਕਸ਼ਨ ਰਾਹੀਂ ਵੇਚੀਆਂ ਜਾਣ ਵਾਲੀਆਂ ਜਾਇਦਾਦਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਆਨਲਾਈਨ ਪੋਰਟਲ www.tenderwizard.com/DLGP ਤੇ ਦੇਖੀ ਜਾ ਸਕਦੀ ਹੈ। ਇਸ ਈ-ਆਕਸ਼ਨ ਵਿੱਚ ਹੇਠ ਲਿਖੇ ਸ਼ਡਿਊਲ ਅਨੁਸਾਰ ਵਪਾਰਕ/ਰਿਹਾਇਸ਼ੀ ਜਾਇਦਾਦਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ:-

| | |
|---|---|
| ਬਿੱਡਰ ਲਈ ਰਜਿਸਟਰੇਸ਼ਨ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ | 12-11-2026 ਸਮਾਂ 10:00 ਵਜੇ ਸਵੇਰੇ |
| ਬਿੱਡਰ ਲਈ ਰਜਿਸਟਰੇਸ਼ਨ ਬੰਦ ਹੋਣ ਦੀ ਮਿਤੀ ਅਤੇ ਸਮਾਂ | 18-12-2026 ਸਮਾਂ 05:00 ਵਜੇ ਸ਼ਾਮ |
| ਆਨਲਾਈਨ ਬਿੱਡ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ | 21-12-2026 ਸਮਾਂ 10:00 ਵਜੇ ਸਵੇਰੇ |
| ਆਨਲਾਈਨ ਬਿੱਡ ਬੰਦ ਹੋਣ ਦੀ ਮਿਤੀ ਅਤੇ ਸਮਾਂ | 23-12-2026 ਸਮਾਂ 05:00 ਵਜੇ ਸ਼ਾਮ |

ਨੋਟ:-

1. ਬੋਲੀਕਾਰ ਉਕਤ ਜਾਇਦਾਦਾਂ ਸਬੰਧੀ ਹਰੇਕ ਜਾਇਦਾਦ ਲਈ ਵੱਖਰੀ ਬਿਆਨਾ ਰਕਮ ਜਮ੍ਹਾ ਕਰਵਾਏਗਾ।
2. ਜੇਕਰ ਇਨ੍ਹਾਂ ਜਾਇਦਾਦਾ ਸਬੰਧੀ ਕੋਰਟ ਕੇਸ ਜਾਂ ਕੋਈ ਝਗੜਾ ਆਦਿ ਉਤਪੰਨ ਹੁੰਦਾ ਹੈ ਤਾਂ ਚੇਅਰਮੈਨ/ਕਾਰਜ ਸਾਧਕ ਅਫਸਰ ਕੋਲ ਉਕਤ ਜਾਇਦਾਦ ਨੂੰ ਨਿਲਾਮੀ ਵਿਚੋਂ ਵਾਪਸ ਲੈਣ ਅਤੇ ਬੋਲੀ ਨੂੰ ਰੱਦ ਕਰਨ ਦਾ ਹੱਕ ਰਾਖਵਾਂ ਹੋਵੇਗਾ।
3. ਈ-ਨਿਲਾਮੀ ਸਬੰਧੀ ਸ਼ਰਤਾਂ ਅਤੇ ਹੋਰ ਜਾਣਕਾਰੀ ਦਫਤਰੀ ਨੋਟਿਸ ਬੋਰਡ / ਵੈਬਸਾਈਟ www.tenderwizard.com/DLGP ਅਤੇ improvementtrsutbti.in ਤੇ ਉਪਲੱਬਧ ਹੈ। ਇਸ ਤੋਂ ਇਲਾਵਾ ਦਫਤਰੀ ਕੰਮ-ਕਾਜ ਦੇ ਸਮੇਂ ਫੋਨ ਨੰਬਰ 0164-3558725 ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਕਾਰਜ ਸਾਧਕ ਅਫਸਰ
ਨਗਰ ਸੁਧਾਰ ਟਰੱਸਟ
ਬਠਿੰਡਾ

ਚੇਅਰਮੈਨ
ਨਗਰ ਸੁਧਾਰ ਟਰੱਸਟ
ਬਠਿੰਡਾ